Australian Government

# ਕੋਰੋਨਾਵਾਇਰਸ ਬਾਰੇ ਗਲਤ ਜਾਣਕਾਰੀ ਅਤੇ ਇਸਦੇ ਸੱਚ

(COVID-19)

## ਗ਼ਲਤ: ਤੁਸੀਂ ਐਂਟੀਬਾਇਓਟਿਕਸ (antibiotics) ਜਾਂ ਮਲੇਰੀਏ ਤੋਂ ਲੜਨ ਵਾਲੀ ਦਵਾਈ ਨਾਲ ਕੋਰੋਨਾਵਾਇਰਸ ਨੂੰ ਠੀਕ ਕਰ ਸਕਦੇ ਹੋ

**ਸੱਚ**: ਅਜੇ ਕੋਰੋਨਾਵਾਇਰਸ ਨੂੰ ਠੀਕ ਕਰਨ ਦੇ ਲਈ ਕੋਈ ਵੀ ਟੀਕਾ ਜਾਂ ਕੋਈ ਵੀ ਇਲਾਜ ਉਪਲਬਧ ਨਹੀਂ ਹੈ।

ਖੋਜਕਰਤਾ ਦੁਨੀਆ ਭਰ ਵਿੱਚ ਇਸ ਵਾਇਰਸ ਦਾ ਟੀਕਾ ਤਿਆਰ ਕਰਨ ਦੇ ਲਈ ਕੜੀ ਮਿਹਨਤ ਕਰ ਰਹੇ ਹਨ ਪਰ ਅਜੇ ਸਾਨੂੰ ਨਹੀਂ ਪਤਾ ਕਿ ਇਸ ਵਿੱਚ ਕਿੰਨਾ ਸਮਾਂ ਲੱਗੇਗਾ। ਅੰਦਾਜ਼ਾ 12 ਤੋਂ 18 ਮਹੀਨਿਆਂ ਦਾ ਲਗਾਇਆ ਜਾ ਰਿਹਾ ਹੈ।

ਖੋਜਕਰਤਾ ਵੱਖ ਵੱਖ ਦਵਾਈਆਂ ਦਾ ਵੀ ਅਧਿਐਨ ਕਰ ਰਹੇ ਹਨ ਜਿਨ੍ਹਾਂ ਦੇ ਇਸਤੇਮਾਲ ਕਰਨ ਦੇ ਨਾਲ ਕੋਰੋਨਾਵਾਇਰਸ ਦਾ ਇਲਾਜ ਕਰਨ ਵਿੱਚ ਮਦਦ ਮਿਲ ਸਕਦੀ ਹੈ, ਜਿਸ ਵਿੱਚ ਜੋੜਾਂ ਦੇ ਦਰਦ, ਮਲੇਰੀਏ ਅਤੇ HIV ਲਈ ਇਸਤੇਮਾਲ ਕੀਤੀਆਂ ਜਾਣ ਵਾਲਿਆਂ ਦਵਾਈਆਂ ਸ਼ਾਮਿਲ ਹਨ। ਇਹ ਕੋਰੋਨਾਵਾਇਰਸ ਦਾ ਪੂਰਾ ਇਲਾਜ ਤਾਂ ਨਹੀਂ ਕਰਣਗੀਆਂ ਪਰ ਇਨ੍ਹਾਂ ਨਾਲ ਅਜਿਹੇ ਲੋਕਾਂ ਦੀ ਗਿਣਤੀ ਘਟਾਈ ਜਾ ਸਕਦੀ ਹੈ ਜਿਨ੍ਹਾਂ ਅੰਦਰ ਇਹ ਵਾਇਰਸ ਜਾਵੇਗਾ ਅਤੇ ਵਾਇਰਸ ਹੋਣ ਵਾਲੇ ਮਾਮਲਿਆਂ ਦੀ ਗੰਭੀਰਤਾ ਨੂੰ ਵੀ ਘਟਾਇਆ ਜਾ ਸਕਦਾ ਹੈ।

ਇਸਲਈ, ਇਹ ਮਹੱਤਵਪੂਰਨ ਹੈ, ਕਿ ਟੀਕੇ ਦੇ ਈਜਾਦ ਹੋਣ, ਜਾਂ ਕੋਰੋਨਾਵਾਇਰਸ ਦੇ ਇਲਾਜ ਲੱਭੇ ਜਾਣ ਦਾ ਇੰਤਜ਼ਾਰ ਨਾ ਕੀਤਾ ਜਾਵੇ - ਅਤੇ ਇਸ ਲਈ ਆਸਟ੍ਰੇਲੀਆ ਨੇ ਇੰਨੇ ਸਾਰੇ ਜਨਤਕ ਸਿਹਤ ਦੇ ਕਦਮ ਅਪਣਾਏ ਹਨ।

## ਗ਼ਲਤ: ਬੱਚੇ ਕੋਰੋਨਾਵਾਇਰਸ ਨੂੰ 'ਸਭ ਤੋਂ ਛੇਤੀ/ਜ਼ਿਆਦਾ' ਫੈਲਾਉਂਦੇ ਹਨ

**ਸੱਚ**: ਹਾਲਾਂਕਿ ਬੱਚੇ ਆਮ ਤੌਰ ਤੇ ਕੀਟਾਣੂਆਂ ਅਤੇ ਕੀੜਿਆਂ ਨੂੰ 'ਸਭ ਤੋਂ ਛੇਤੀ/ਜ਼ਿਆਦਾ' ਫੈਲਾਉਣ ਦੇ ਲਈ ਜਾਣੇ ਜਾਂਦੇ ਹਨ, ਅਤੇ ਇੰਫਲੂਐਂਜ਼ਾ (influenza) ਦੇ ਮਾਮਲੇ ਵਿੱਚ ਉਹ ਇਹ ਕਰ ਵੀ ਸਕਦੇ ਹਨ, ਅਜਿਹਾ ਕੋਰੋਨਾਵਾਇਰਸ ਦੇ ਮਾਮਲੇ ਵਿੱਚ ਨਹੀਂ ਦੇਖਿਆ ਗਿਆ ਹੈ। ਘੱਟੋ-ਘੱਟ ਅਜੇ ਤੱਕ ਤਾਂ ਨਹੀਂ। ਦੁਨੀਆ ਵਿੱਚ ਕਿਤੇ ਵੀ ਕੋਈ ਵੀ ਜਾਣਕਾਰੀ (data) ਮੌਜੂਦ ਨਹੀਂ ਹੈ ਜੋ ਇਹ ਦਰਸ਼ਾਉਂਦੀ ਹੋਵੇ ਕਿ ਇਸ ਵਾਇਰਸ ਦਾ ਸਭ ਤੋਂ ਵੱਧ ਫੈਲਣਾ ਬੱਚਿਆਂ ਦੇ ਨਾਲ ਹੋਇਆ ਹੋਵੇ। ਅਸੀਂ ਇਸ ਨੂੰ ਨਕਾਰ ਵੀ ਨਹੀਂ ਰਹੇ ਹਾਂ। ਇਹ ਸੰਭਵ ਹੋ ਵੀ ਸਕਦਾ ਹੈ। ਪਰ ਸਾਰੇ ਸਬੂਤ ਇਸ ਗੱਲ ਦੇ ਹਨ ਕਿ ਉਹ ਕੋਰੋਨਾਵਾਇਰਸ ਨੂੰ ਸਭ ਤੋਂ ਛੇਤੀ/ਜ਼ਿਆਦਾ ਨਹੀਂ ਫੈਲਾਂਦੇ ਹਨ।

## ਗ਼ਲਤ: ਆਸਟ੍ਰੇਲੀਆ ਕਾਫੀ ਮਾਤਰਾ ਵਿੱਚ ਡਾਕਟਰੀ ਉਪਕਰਣ ਅਤੇ ਜ਼ਰੂਰੀ ਵਸਤੂਆਂ (ਵੈਂਟੀਲੇਟਰ, ਮਾਸਕ, ਟੈਸਟਿੰਗ ਕਿਟਸ) ਪ੍ਰਾਪਤ ਨਹੀਂ ਕਰ ਪਾ ਰਿਹਾ

**ਸੱਚ**: ਮਰੀਜ਼ਾਂ, ਅਤੇ ਖ਼ਾਸ ਤੌਰ ਤੇ ਉਨ੍ਹਾਂ ਮਰੀਜ਼ਾਂ ਦੀ ਦੇਖ-ਭਾਲ ਕਰ ਰਹੇ ਸਿਹਤ ਵਰਕਰਾਂ (health workers) ਦੇ ਲਈ ਇੱਕ ਆਸਾਨ ਜਿਹਾ ਸੰਦੇਸ਼ ਇਹ ਹੈ - ਹਾਂ, ਆਸਟ੍ਰੇਲੀਆ ਕੋਲ ਇਸ ਮਹਾਂਮਾਰੀ ਨਾਲ ਲੜਨ ਦੇ ਲਈ ਉਪਕਰਣ ਕਾਫੀ ਮਾਤਰਾ ਵਿੱਚ ਮੌਜੂਦ ਹਨ। ਪਰ, ਹਰ ਕਿਸਮ ਦੀ ਟੈਸਟਿੰਗ ਸਬੰਧੀ ਵਸਤੂਆਂ ਉੱਪਰ ਦਬਾਅ ਜ਼ਰੂਰ ਬਣਿਆ ਹੋਇਆ ਹੈ ਕਿਉਂਕਿ ਦੁਨੀਆ ਭਰ ਵਿੱਚ ਇਨ੍ਹਾਂ ਚੀਜ਼ਾਂ ਦੀ ਮੰਗ, ਇਨ੍ਹਾਂ ਦੀ ਉਪਲਬਧਤਾ ਅਤੇ ਬਨਾਉਣ ਦੀ ਸਮਰੱਥਾ ਨਾਲੋਂ ਕਿਤੇ ਜ਼ਿਆਦਾ ਹੈ।

ਕਰਮਚਾਰੀਆਂ ਨੂੰ ਯਕੀਨ ਦਿਲਾਇਆ ਜਾਂਦਾ ਹੈ ਕਿ ਸਾਡੇ ਕੋਲ 'ਨਿਜੀ ਸੁਰੱਖਿਆ ਉਪਕਰਣ' (personal protective equipment) ਹਰ ਵੇਲੇ ਆਂਦੇ ਹੀ ਰਹਿੰਦੇ ਹਨ, ਜਿਸ ਦਾ ਮਤਲਬ ਇਹ, ਕਿ ਮਰੀਜ਼ ਹਰ ਸੰਭਵ ਵਧੀਆ ਸੰਭਾਲ ਪ੍ਰਾਪਤ ਕਰ ਸਕਦੇ ਹਨ। ਉਦਾਹਰਣ ਦੇ ਲਈ, ਰਾਸ਼ਟਰੀ ਮੈਡੀਕਲ ਭੰਡਾਰ ਅੰਦਰ ਇੱਕ ਕਰੋੜ (10 million) ਮਾਸਕ ਹਨ। ਆਸਟ੍ਰੇਲੀਆ ਦੀ ਸਰਕਾਰ ਲਗਾਤਾਰ ਇਸ ਉੱਤੇ ਕੰਮ ਕਰ ਰਹੀ ਹੈ ਕਿ ਹੋਰ ਵੀ ਮਾਸਕ ਪ੍ਰਾਪਤ ਕੀਤੇ ਜਾਣ, ਇਹ ਪੱਕਾ ਕਰਨ ਦੇ ਲਈ ਕਿ ਰਾਸ਼ਟਰੀ ਮੈਡੀਕਲ ਭੰਡਾਰ ਅੰਦਰ ਸਮਾਨ ਭਰਿਆ ਰਹੇ, ਅਤੇ ਆਸਟ੍ਰੇਲੀਆ ਕੋਲ ਕਾਫੀ ਮਾਤਰਾ ਦੇ ਵਿੱਚ ਨਿਜੀ ਸੁਰੱਖਿਆ ਉਪਕਰਣ ਮੌਜੂਦ ਰਹਿਣ ਤਾਂ ਜੋ, ਜਿਵੇਂ ਜਿਵੇਂ ਇਹ ਮਹਾਂਮਾਰੀ ਅੱਗੇ ਵਧਦੀ ਹੈ, ਸਾਡੇ ਮੈਡੀਕਲ ਪੇਸ਼ੇਵਰਾਂ ਨੂੰ ਪੂਰੀ ਮਦਦ ਮਿਲ ਸਕੇ। ਇਸ ਵਿੱਚ ਸਥਾਨਕ ਨਿਰਮਾਣ ਦੀ ਗੁੰਜਾਇਸ਼ ਅਤੇ ਸਮਰੱਥਾ ਨੂੰ ਵਧਾਉਣਾ ਸ਼ਾਮਿਲ ਹੈ।

ਆਮ ਤੌਰ ਤੇ ਆਸਟ੍ਰੇਲੀਆ ਵਿੱਚ 2,200 ਵੈਂਟੀਲੇਟਿਡ ਬਿਸਤਰੇ ਉਪਲਬਧ ਹਨ। ਬੇਹੋਸ਼ ਕਰਨ ਵਾਲਿਆਂ ਮਸ਼ੀਨਾਂ (anaesthetic machines) ਅਤੇ ਦੂਸਰੇ ਉਪਕਰਣਾਂ ਉੱਤੇ ਕੁਝ ਕੰਮ ਕੀਤੇ ਜਾਣ ਤੋਂ ਬਾਅਦ, ਹੁਣ ਸਾਡੇ ਕੋਲ 4,400 ਵੈਂਟੀਲੇਟਿਡ ਬਿਸਤਰੇ ਉਪਲਬਧ ਹਨ, ਅਤੇ ਅਸੀਂ ਇਸ ਨੂੰ 7,500 ਕਰਨ ਦੇ ਤਰੀਕਿਆਂ ਵੱਲ ਵੇਖ ਰਹੇ ਹਾਂ। ਅਪ੍ਰੈਲ ਦੇ ਸ਼ੁਰੂ ਹੋਣ ਤੇ, 'ਇੰਟੈਂਸੀਵ ਕਿਅਰ ਯੂਨੀਟਸ (intensive care units) ਵਿੱਚ ਮੌਜੂਦ ਕੋਰੋਨਾਵਾਈਰਸ ਦੇ ਅਜਿਹੇ ਮਰੀਜ਼ ਜਿਨ੍ਹਾਂ ਨੂੰ ਵੈਂਟੀਲੇਟਰ ਦੀ ਲੋੜ ਸੀ, ਉਨ੍ਹਾਂ ਦੀ ਗਿਣਤੀ 20 ਸੀ।

Communicable Diseases Network Australia ਟੈਸਟਿੰਗ ਲਈ ਆਪਣੇ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਉੱਪਰ ਮੁੜ ਵਿਚਾਰ ਕਰਨ ਦੇ ਲਈ ਹਰ ਰੋਜ਼ ਬੈਠਕਾਂ ਕਰ ਰਿਹਾ ਹੈ, ਤਾਂ ਜੋ ਟੈਸਟਿੰਗ ਸਿਰਫ਼ ਉੱਥੇ ਹੀ ਕੀਤੀ ਜਾਵੇ ਜਿੱਥੇ ਉਸਦੀ ਬਹੁਤ ਜ਼ਿਆਦਾ ਲੋੜ ਹੈ।

## ਗ਼ਲਤ: ਆਸਟ੍ਰੇਲੀਆ ਦੇ ਹਸਪਤਾਲ ਕੋਰੋਨਾਵਾਈਰਸ ਕਰ ਕੇ ਵਧੀ ਮੰਗ ਦਾ ਸਾਮ੍ਹਣਾ ਨਹੀਂ ਕਰ ਪਾਉਣਗੇ

**ਸੱਚ**: ਆਸਟ੍ਰੇਲੀਆ ਦੇ ਪਬਲਿਕ ਅਤੇ ਨਿਜੀ ਹਸਪਤਾਲਾਂ ਨੇ ਕੋਰੋਨਾਵਾਈਰਸ ਦੀ ਲੜਾਈ ਦੇ ਖ਼ਿਲਾਫ ਆਪਸ ਵਿੱਚ ਹੱਥ ਮਿਲਾ ਲਿਆ ਹੈ। ਆਸਟ੍ਰੇਲੀਆ ਦੀ ਸਰਕਾਰ, ਪ੍ਰਦੇਸ਼ਾਂ ਅਤੇ ਖੇਤਰੀ ਸਰਕਾਰਾਂ ਅਤੇ ਨਿੱਜੀ ਹਸਪਤਾਲ ਸੈਕਟਰ ਵਿੱਚ ਹੋਈ ਇਤਿਹਾਸਿਕ ਸਾਂਝੇਦਾਰੀ, ਕੋਰੋਨਾਵਾਈਰਸ ਦੀ ਲੜਾਈ ਵਿੱਚ ਮਦਦ ਕਰਨ ਦੇ ਲਈ ਵਧੇਰੇ 34,000 ਬਿਸਤਰੇ ਅਤੇ ਰਾਸ਼ਟਰੀ ਪੱਧਰ ਤੇ 1,05,000 ਮੈਡੀਕਲ ਸਟਾਫ ਉਪਲਬਧ ਕਰਵਾਏਗੀ।

ਪਬਲਿਕ ਪ੍ਰਣਾਲੀ (public system) ਦੀਆਂ ਸੇਵਾਵਾਂ ਨੂੰ ਵਧਾਉਂਦੇ ਹੋਏ, ਨਿੱਜੀ ਸੈਕਟਰ ਆਪਣੇ ਉਪਕਰਣ, ਬਿਸਤਰੇ, ਲੋੜਮੰਦ ਵਸਤੂਆਂ ਅਤੇ ਸਟਾਫ ਦੀਆਂ ਸਹੂਲਤਾਂ ਪ੍ਰਦਾਨ ਕਰਦੇ ਹੋਏ, ਪਬਲਿਕ ਦੇ ਮਰੀਜ਼ਾਂ ਨੂੰ ਹਸਪਤਾਲ ਦੀਆਂ ਸੇਵਾਵਾਂ ਪ੍ਰਦਾਨ ਕਰੇਗਾ।

ਉਹ ਲੰਮੇ ਸਮੇਂ ਤੱਕ ਪਬਲਿਕ ਹਸਪਤਾਲਾਂ ਵਿੱਚ ਠਹਿਰਨ ਵਾਲੇ 'ਰਾਸ਼ਟਰੀ ਅਪੰਗਤਾ ਬੀਮਾ ਯੋਜਨਾ' (National Disability Insurance Scheme) ਵਿੱਚ ਭਾਗ ਲੈਣ ਵਾਲਿਆਂ ਦੀਆਂ ਲੋੜਾਂ ਅਨੁਸਾਰ ਉਨ੍ਹਾਂ ਦੀ ਮਦਦ ਕਰਨਾ ਵੀ ਜਾਰੀ ਰੱਖਣਗੇ, ਅਤੇ ਬੁਢਾਪਾ ਸੰਭਾਲ ਦੇ ਮਰੀਜ਼ਾਂ ਅਤੇ ਸਾਧਾਰਨ ਲੋੜਾਂ ਵਾਲੇ ਮਰੀਜ਼ਾਂ ਦੀਆਂ ਵੀ।

ਇਹ ਸਾਂਝੇਦਾਰੀ ਯਕੀਨੀ ਬਣਾਏਗੀ ਕਿ ਆਸਟ੍ਰੇਲੀਆ ਦੀ ਵਿਸ਼ਵ-ਸਤਰੀ ਸਿਹਤ ਸੰਭਾਲ ਪ੍ਰਣਾਲੀ ਦੇ ਪੂਰੇ ਸਰੋਤ ਤਿਆਰ ਰਹਿਣ ਅਤੇ ਉਨ੍ਹਾਂ ਦਾ ਧਿਆਨ ਮਰੀਜ਼ਾਂ ਦੇ ਇਲਾਜ ਉੱਪਰ ਕੇਂਦਰਿਤ ਹੋਵੇ ਠੀਕ ਉਸੀ ਤਰੀਕੇ ਨਾਲ ਜਿਵੇਂ ਕਿ ਇਸ ਮਹਾਮਾਰੀ ਅਨੁਸਾਰ ਹੋਣਾ ਚਾਹੀਦਾ ਹੈ।

## ਗ਼ਲਤ: ਦੋ ਹਫ਼ਤੇ ਲੌਕਡਾਊਨ ਕਰਨ ਦੇ ਨਾਲ ਕੋਰੋਨਾਵਾਇਰਸ ਦਾ ਫੈਲਣਾ ਰੁੱਕ ਜਾਵੇਗਾ

**ਸੱਚ:** ਦੋ ਜਾਂ ਤਿੰਨ ਹਫਤਿਆਂ ਲਈ ਪਾਬੰਦੀਆਂ ਲਗਾ ਦੇਣਾ ਤੇ ਫੇਰ ਉਨ੍ਹਾਂ ਨੂੰ ਚੱਕ ਦੇਣਾ ਅਤੇ ਆਪੋ ਆਪਣੀ ਰੋਜ਼ਾਨਾ ਜ਼ਿੰਦਗੀਆਂ ਵਿੱਚ ਉਸੇ ਤਰੀਕੇ ਨਾਲ ਵਾਪਿਸ ਚਲੇ ਜਾਣ ਨਾਲ ਕੋਰੋਨਾਵਾਇਰਸ ਦਾ ਵਧਣਾ ਨਹੀਂ ਰੁਕੇਗਾ।

ਸਿਰਫ ਦੋ ਹਫਤਿਆਂ ਦਾ ਲੌਕਡਾਊਨ ਰੱਖਣ ਵਿੱਚ ਖ਼ਤਰਾ ਇਹ ਹੈ ਕਿ ਕੋਰੋਨਾਵਾਇਰਸ ਆਪਣਾ ਬਦਸੂਰਤ ਸਿਰ ਇੱਕ ਵਾਰੀ ਫਿਰ ਚੁੱਕ ਲਵੇਗਾ, ਸ਼ਾਇਦ ਪਹਿਲਾਂ ਨਾਲੋਂ ਹੋਰ ਵੀ ਜ਼ਿਆਦਾ ਉਗਰਤਾ ਦੇ ਨਾਲ।

ਕੁਝ ਲੋਕਾਂ ਨੇ ਪੁੱਛਿਆ ਹੈ ਕਿ ਅਸੀਂ ਪੂਰੇ ਦੇਸ਼ ਵਿੱਚ ਹੀ ਸੰਪੂਰਣ ਲੌਕਡਾਊਨ ਕਿਓਂ ਨਹੀਂ ਲਗਾ ਦਿੰਦੇ ਜਿਵੇਂ ਕਿ ਕਈ ਹੋਰ ਦੇਸ਼ਾਂ ਨੇ ਕੀਤਾ ਹੈ। ਇਸ ਦਾ ਜਵਾਬ ਇਹ ਹੈ, ਕਿ ਦੂਸਰੇ ਦੇਸ਼ ਜਿਵੇਂ ਕਿ ਇਟਲੀ, ਸਪੇਨ, ਈਰਾਨ, ਅਤੇ ਚੀਨ ਦੇ ਵੂਹਾਨ ਵਰਗੇ ਸ਼ਹਿਰ, ਜਿੱਥੇ ਇਸ ਬੀਮਾਰੀ ਦੀ ਸ਼ੁਰੂਆਤ ਹੋਈ ਸੀ, ਇਨ੍ਹਾਂ ਸਾਰਿਆਂ ਦੇ ਉਲਟ, ਅਸੀਂ 'ਕਰਵ' (curve) ਤੋਂ ਅਗਾਂਹ ਰਹੇ ਹਾਂ।

ਜਿਸ ਵੇਲੇ ਇਨ੍ਹਾਂ ਦੇਸ਼ਾਂ ਦੇ ਸਿਹਤ ਦੇ ਮਾਹਿਰ ਇਹ ਪਛਾਣ ਕਰ ਪਾਏ ਕਿ ਕੀ ਹੋ ਰਿਹਾ ਹੈ, ਕੋਰੋਨਾਵਾਇਰਸ ਬੇਕਾਬੂ ਹੋ ਚੁੱਕਾ ਸੀ ਅਤੇ ਜੰਗਲ ਦੀ ਅੱਗ ਦੀ ਤਰ੍ਹਾਂ ਫ਼ੈਲ ਰਿਹਾ ਸੀ। ਇਹ ਕਾਰਣ ਹੈ ਕਿ ਇਨ੍ਹਾਂ ਦੇਸ਼ਾਂ ਦੇ ਹਸਪਤਾਲਾਂ ਨੂੰ ਇਸ ਬਿਮਾਰੀ ਦੀ ਗੰਭੀਰ ਅਵਸਥਾ ਵਿੱਚ ਪਹੁੰਚ ਚੁੱਕੇ ਲੋਕਾਂ ਦੇ ਨਾਲ ਨੱਜੀਠਣ ਵਿੱਚ ਸੰਘਰਸ਼ ਦਾ ਸਾਮ੍ਹਣਾ ਕਰਨਾ ਪਿਆ ਹੈ।

ਸਾਡੇ ਸਿਹਤ ਦੇ ਮਾਹਿਰ ਇਸ ਗੱਲ ਉੱਤੇ ਨਜ਼ਰ ਬਣਾਈ ਜਾਰੀ ਰੱਖਣਗੇ ਕਿ ਆਸਟ੍ਰੇਲੀਆ ਵਿੱਚ ਹਰ ਰੋਜ਼ ਕਿੰਨੇ ਨਵੇਂ ਮਾਮਲੇ ਆ ਰਹੇ ਹਨ ਅਤੇ ਕਿਨ੍ਹਾਂ ਥਾਵਾਂ ਉੱਤੇ ਸੰਕ੍ਰਮਣ ਹੋ ਰਿਹਾ ਹੈ। ਇਸ ਤੋਂ ਬਾਅਦ ਉਹ ਸਬੂਤਾਂ ਦੇ ਅਧਾਰ ਤੇ ਸਿਫ਼ਾਰਿਸ਼ਾਂ ਕਰਣਗੇ ਕਿ ਕੀ ਕੋਈ ਵੀ ਨਵੇਂ ਨਿਯਮ ਜਾਂ ਪਾਬੰਦੀਆਂ ਲਗਾਉਣ ਦੀ ਲੋੜ ਹੈ ਜਾਂ ਨਹੀਂ। ਹਰ ਕਿਸੇ ਨੂੰ ਚਾਹੀਦਾ ਹੈ ਕਿ www.australia.gov.au ਤੇ ਜਾ ਕੇ ਆਪਣੀ ਜਾਣਕਾਰੀ ਤਾਜ਼ਾ ਬਣਾਈ ਰੱਖਣ ਕਿ ਇਸ ਵੇਲੇ ਕਿਹੜੀਆਂ ਪਾਬੰਦੀਆਂ ਲੱਗੀਆਂ ਹੋਈਆਂ ਹਨ।

## ਗ਼ਲਤ: ਜੇ ਹਰ ਕਿਸੇ ਦਾ ਟੈਸਟ ਕਰ ਲਿੱਤਾ ਜਾਵੇ ਤਾਂ ਕੋਰੋਨਾਵਾਇਰਸ ਦਾ ਫੈਲਣਾ ਰੁੱਕ ਜਾਵੇਗਾ

**ਸੱਚ:** ਟੈਸਟਿੰਗ, ਵਾਇਰਸ ਦੇ ਫੈਲਣ ਨੂੰ ਨਹੀਂ ਰੋਕਦੀ।

ਕਿਸੇ ਵੀ ਵਾਇਰਸ ਦੀ ਤਰ੍ਹਾਂ, COVID-19 ਇੱਕ ਵਿਅਕਤੀ ਤੋਂ ਦੂਸਰੇ ਨੂੰ ਹੁੰਦਾ ਹੈ। ਸਿਰਫ, ਹਰ ਵੇਲੇ ਬਣਾਈ ਰੱਖੀ ਗਈ ਸਮਾਜਿਕ ਦੂਰੀ, ਅਤੇ ਠੀਕ ਨਾ ਮਹਿਸੂਸ ਹੋਣ ਤੇ ਆਪਣੇ ਆਪ ਨੂੰ ਘਰ ਵਿੱਚ ਅਲੱਗ ਰੱਖਣ (quarantining) ਨਾਲ ਹੀ ਵਾਇਰਸ ਦੇ ਫੈਲਣ ਉੱਪਰ ਰੋਕ ਲਗ ਸਕਦੀ ਹੈ।

ਕਿਸੇ ਲੱਛਣ ਦਿਖਾ ਰਹੇ ਵਿਅਕਤੀ ਨੂੰ ਕੀ COVID-19 ਹੈ ਜਾਂ ਨਹੀਂ, ਇਸ ਨੂੰ ਯਕੀਨੀ ਬਨਾਉਣ ਦੇ ਲਈ ਕੀਤੀ ਗਈ ਟੈਸਟਿੰਗ ਇਸ ਬਿਮਾਰੀ ਦੇ ਫੈਲਣ ਦੀਆਂ ਥਾਵਾਂ ਬਾਰੇ ਪਤਾ ਲਗਾਉਣ (track), ਅਤੇ ਸੰਕ੍ਰਮਣ ਨੂੰ ਘਟਾਉਣ ਵਿੱਚ ਸਾਡੀ ਮਦਦ ਕਰਦੀ ਹੈ। ਜੇ ਸਾਨੂ ਪਤਾ

ਲੱਗ ਜਾਵੇ ਕਿ ਕਿਸੇ ਨੂੰ ਇਹ ਹੈ, ਤਾਂ ਉਹ ਵਿਅਕਤੀ ਆਪਣੇ ਆਪ ਨੂੰ ਇੱਕਲਿਆਂ (isolate) ਕਰ ਸਕਦਾ ਹੈ ਅਤੇ ਅਸੀਂ ਇਹ ਪਤਾ ਲਗਾ ਸਕਦੇ ਹਾਂ ਕਿ ਉਹ ਕਿਸ ਕਿਸ ਦੇ ਸੰਪਰਕ ਵਿੱਚ ਆਇਆ/ਆਈ ਹੈ ਅਤੇ ਇਸ ਨਾਲ ਅੱਗੇ ਤੋਂ ਅੱਗੇ ਸੰਕ੍ਰਮਣ ਹੋਣ ਦੇ ਖ਼ਤਰੇ ਨੂੰ ਘਟਾ ਸਕਦੇ ਹਾਂ।

ਪਰ, COVID-19 ਦਾ ਨੈਗਟਿਵ ਨਤੀਜਾ ਆਉਣ ਦਾ ਮਤਲਬ ਇਹ ਨਹੀਂ ਕਿ ਤੁਸੀਂ ਖ਼ਤਰੇ ਤੋਂ ਬਾਹਰ ਹੋ ਜਾਂ ਤੁਸੀਂ ਦੂਸਰਿਆਂ ਦੇ ਲਈ ਖ਼ਤਰਾ ਨਹੀਂ ਹੋ। COVID-19 ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਪਰ ਲੱਛਣ ਸਾਹਮਣੇ ਆਉਣ ਤੋਂ ਪਹਿਲਾਂ ਤੁਹਾਡਾ ਟੈਸਟ ਦਾ ਨਤੀਜਾ ਨੈਗਟਿਵ ਆ ਸਕਦਾ ਹੈ। ਸੰਭਵ ਹੈ ਕਿ ਇੱਕ ਦਿਨ ਤੁਹਾਡਾ ਨਤੀਜਾ ਨੈਗਟਿਵ ਆ ਜਾਵੇ ਅਤੇ ਉਸ ਤੋਂ ਅਗਲੇ ਦਿਨ ਤੁਹਾਨੂੰ COVID-19 ਹੋ ਜਾਵੇ। ਇਸੇ ਕਰ ਕੇ ਇਹ ਇੰਨਾ ਜ਼ਰੂਰੀ ਹੈ ਕਿ ਨਿੱਜੀ ਸਫ਼ਾਈ ਅਤੇ ਸਮਾਜਿਕ ਦੂਰੀ ਬਣਾਈ ਰੱਖੀਏ, ਅਤੇ ਘਰ ਦੇ ਅੰਦਰ ਹੀ ਰਹੀਏ, ਸਿਰਫ਼ ਬਹੁਤ ਹੀ ਜ਼ਿਆਦਾ ਜ਼ਰੂਰੀ ਕੰਮਾਂ/ਚੀਜ਼ਾਂ ਦੇ ਲਈ ਹੀ ਬਾਹਰ ਜਾਈਏ। ਇਹ ਨਾ ਸਿਰਫ਼ COVID-19 ਦੇ, ਪਰ ਹੋਰ ਬਿਮਾਰੀਆਂ ਦੇ ਸੰਕ੍ਰਮਣ ਹੋਣ ਨੂੰ ਰੋਕਣ ਵਿੱਚ ਵੀ ਮਦਦ ਕਰਦਾ ਹੈ, ਜਿਸ ਨਾਲ ਸਾਡੀਆਂ ਸਿਹਤ ਸੇਵਾਵਾਂ ਦੀ ਮੰਗ ਵੀ ਘੱਟਦੀ ਹੈ।

## ਗ਼ਲਤ: ਟੈਸਟ ਕਰਨ ਦੀਆਂ ਕਿੱਟਾਂ (testing kits) ਸਹੀ ਨਤੀਜੇ ਨਹੀਂ ਦਿੰਦਿਆਂ

**ਸੱਚ**: COVID-19 ਦੇ ਲਈ ਇਸ ਵੇਲੇ ਕੀਤੀ ਜਾ ਰਹੀ ਟੈਸਟਿੰਗ nucleic acid amplification (Polymerase chain reaction (PCR)) ਦਾ ਇਸਤੇਮਾਲ ਕਰਦੀ ਹੈ, ਜੋ ਕਿ ਬਹੁਤ ਹੀ ਸਹੀ ਨਤੀਜੇ ਦੱਸਦਾ ਹੈ। ਇਸ ਟੈਸਟ ਵਿੱਚ ਹੁੰਦਾ ਕੀ ਹੈ ਕਿ ਇੱਕ ਸਿਹਤ ਵਰਕਰ ਟੈਸਟ ਕੀਤੇ ਜਾ ਰਹੇ ਵਿਅਕਤੀ ਦੇ ਗਲੇ ਅਤੇ ਨੱਕ ਵਿੱਚੋਂ ਇੱਕ ਨਮੂਨਾ (swab) ਲੈਂਦਾ/ਲੈਂਦੀ ਹੈ। ਇਸ ਵੇਲੇ, ਟੈਸਟ ਦੇ ਸਾਰੇ ਹਿੱਸੇ (component) ਬਾਹਰਲੇ ਦੇਸ਼ਾਂ ਵਿੱਚ ਬਣਾਏ ਜਾ ਰਹੇ ਹਨ, ਮੋਟੇ ਤੌਰ ਤੇ ਯੂਰੋਪ ਅਤੇ ਏਸ਼ੀਆ ਵਿੱਚ। ਹਾਲਾਂਕਿ ਟੈਸਟਿੰਗ ਦੇ ਹਿੱਸਿਆਂ (components) ਨੂੰ ਮੁਹੱਈਆ ਕਰਾਉਣ ਵਾਲੇ ਵੱਖ ਵੱਖ ਸਪਲਾਇਰ ਅਤੇ ਵੱਖੋ ਵੱਖ ਪ੍ਰਦੇਸ਼ਾਂ ਅਤੇ ਖੇਤਰਾਂ ਦੀਆਂ ਲੈਬੋਰਟਰੀਆਂ ਵੱਖਰੇ ਵੱਖਰੇ ਹਿੱਸੇ/ਭਾਗ ਇਸਤੇਮਾਲ ਕਰਦੀਆਂ ਹਨ, ਜ਼ਰੂਰੀ ਤੱਥ ਇਹ ਹੈ ਕਿ ਇਨ੍ਹਾਂ ਸਾਰੀਆਂ ਦਾ ਹੀ ਟੈਸਟ ਕਰਨ ਦਾ ਤਰੀਕਾ ਇੱਕੋ ਹੀ ਹੈ। ਹਰ ਕਿਸਮ ਦੀ ਟੈਸਟਿੰਗ ਸਬੰਧੀ ਵਸਤੂਆਂ ਉੱਪਰ ਦਬਾਅ ਜ਼ਰੂਰ ਬਣਿਆ ਹੋਇਆ ਹੈ ਕਿਉਂਕਿ ਦੁਨੀਆ ਭਰ ਵਿੱਚ ਇਨ੍ਹਾਂ ਚੀਜ਼ਾਂ ਦੀ ਮੰਗ, ਇਨ੍ਹਾਂ ਦੀ ਉਪਲਬਧਤਾ ਅਤੇ ਬਨਾਉਣ ਦੀ ਸਮਰੱਥਾ ਨਾਲੋਂ ਕਿਤੇ ਜ਼ਿਆਦਾ ਹੈ। Point of care antibody ਟੈਸਟ, ਬਿਮਾਰੀ ਦਾ ਪਤਾ ਲਗਾਉਣ (diagnosis) ਦੇ ਲਈ ਸਹੀ ਨਤੀਜੇ ਨਹੀਂ ਦਿੰਦਾ ਅਤੇ ਇਸ ਕਰ ਕੇ, ਉਸ ਉਦੇਸ਼ ਦੇ ਲਈ ਇਸ ਨੂੰ ਕਰਣ ਦੀ ਸਿਫਾਰਿਸ਼ ਨਹੀਂ ਕੀਤੀ ਜਾਂਦੀ।

ਆਸਟ੍ਰੇਲੀਆ ਦੀ ਸਰਕਾਰ ਜਨਤਕ ਸਿਹਤ ਲੈਬੋਰਟਰੀ ਨੈੱਟਵਰਕ (Public Health Laboratory Network) ਰਾਹੀਂ, ਲੈਬੋਰਟਰੀਆਂ ਅਤੇ ਸਪਲਾਈ ਕਰਨ ਵਾਲਿਆਂ ਦੇ ਨਾਲ ਪੂਰੀ ਤਰ੍ਹਾਂ ਮਿਲ ਕੇ ਕੰਮ ਕਰ ਰਹੀ ਹੈ, ਇਹ ਯਕੀਨੀ ਕਰਨ ਦੇ ਲਈ ਕਿ ਜ਼ਰੂਰੀ ਸਮਾਨ ਪ੍ਰਾਪਤ ਕੀਤਾ ਜਾ ਸਕੇ ਅਤੇ ਸਪਲਾਈ ਸਬੰਧੀ ਸੰਭਾਵਿਤ ਵਿਕਲਪਾਂ ਬਾਰੇ ਸੋਚ-ਵਿਚਾਰ ਕੀਤਾ ਜਾ ਸਕੇ, ਇਹ ਯਕੀਨੀ ਕਰਨ ਦੇ ਲਈ ਕਿ ਆਸਟ੍ਰੇਲੀਆ ਕੋਰੋਨਾਵਾਈਰਸ ਦੇ ਟੈਸਟ ਕਰਨ ਦੀ ਸਮਰੱਥਾ ਅਤੇ ਗੁੰਜਾਇਸ਼ ਕਾਇਮ ਰੱਖੇਗਾ।

*COVID-19* ਦੇ ਜਵਾਬ ਵਿੱਚ ਆਸਟ੍ਰੇਲੀਅਨ ਸਰਕਾਰ ਵੱਲੋਂ ਕੀਤੀ ਜਾ ਰਹੀ ਜਵਾਬੀ ਕਾਰਵਾਈ ਬਾਰੇ ਸਭ ਤੋਂ ਪ੍ਰਮੁੱਖ ਖ਼ਬਰਾਂ ਦੇ ਸਬੰਧ ਵਿੱਚ ਆਪਣੇ ਆਪ ਨੂੰ ਜਾਣੂ ਰੱਖਣ ਦੇ ਲਈ ਇਹ ਵੈਬਸਾਈਟ ਬਾਕਾਇਦਾ ਵੇਖੋ।

*SBS* ਕੋਲ ਵੀ ਤੁਹਾਡੀ ਭਾਸ਼ਾ ਵਿੱਚ *COVID-19* ਬਾਰੇ ਕਈ ਤਰੀਕੇ ਦੀ ਜਾਣਕਾਰੀ ਉਪਲਬਧ ਹੈ। ਤੁਸੀਂ ਸਰਕਾਰੀ ਜਾਣਕਾਰੀ ਦਾ ਅਨੁਵਾਦ ਕਰਨ ਦੇ ਲਈ ਮੋਬਾਈਲ ਫ਼ੋਨ ਐਪਸ ਅਤੇ ਬ੍ਰਾਉਜ਼ਰ ਏਕ੍ਸਟੈਂਸ਼ਨਾਂ (*browser extensions*) ਦਾ ਵੀ ਇਸਤੇਮਾਲ ਕਰ ਸਕਦੇ ਹੋ। ਇਨ੍ਹਾਂ ਵਿੱਚੋਂ ਜੋ ਵੀ ਤੁਹਾਡੀ ਲੋੜ ਮੁਤਾਬਿਕ ਸਹੀ ਹੋਵੇ, ਤੁਸੀਂ ਉਹ ਲੱਭ ਸਕਦੇ ਹੋ।

ਅੰਗਰੇਜ਼ੀ ਵਿੱਚ ਵਧੇਰੀ ਜਾਣਕਾਰੀ ਪ੍ਰਾਪਤ ਕਰਨ ਦੇ ਲਈ, ਵੇਖੋ *www.australia.gov.au*